ਦਫ਼ਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ

ਨੋਟਿਸ

ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ (ਲੀਗਲ ਏਡ ਕਲੀਨਿਕ) ਰੈਗੂਲੇਸ਼ਨਜ਼-2011 ਦੇ ਅੰਤਰਗਤ ਸ੍ਰੀ ਮੁਕਤਸਰ ਸਾਹਿਬ, ਗਿੱਦੜਬਾਹਾ ਅਤੇ ਮਲੋਟ ਵਿਖੇ ਪੈਰਾ ਲੀਗਲ ਵਲੰਟੀਅਰਜ਼ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਸਬੰਧ ਵਿੱਚ ਯੋਗ ਉਮੀਦਵਾਰਾਂ ਤੋਂ ਸਾਦੇ ਕਾਗਜ਼/ਦਿੱਤੇ ਗਏ ਪ੍ਰੋਫਾਰਮੇ ਉੱਪਰ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ।

ਘੱਟੋਂ ਘੱਟ ਵਿੱਦਿਅਕ ਯੋਗਤਾ :- ਮੈਟ੍ਰਿਕ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਮੈਟ੍ਰਿਕ ਤੱਕ ਹੋਵੇ।

ਅਰਜ਼ੀ ਦੇਣ ਦੀ ਆਖਰੀ ਮਿਤੀ :- 31.05.2025 (ਦਫ਼ਤਰੀ ਸਮੇਂ 05:00 ਵਜੇ ਤੱਕ)

ਸਥਾਨ :- ਕੋਰਟ ਕੰਪਲੈਕਸ, ਪਹਿਲੀ ਮੰਜਿਲ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ।

ਭੱਤਾ :- ਇੱਥੇ ਇਹ ਦੱਸਣਯੋਗ ਹੈ ਕਿ ਪੈਰਾ ਲੀਗਲ ਵਲੰਟੀਅਰਜ਼ ਨੂੰ ਕੋਈ ਪੱਕੀ ਤਨਖਾਹ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਵੱਲੋਂ 400/- ਰੁਪਏ ਪ੍ਰਤੀ ਦਿਨ ਡਿਊਟੀ ਦੌਰਾਨ ਕਾਰਗੁਜ਼ਾਰੀ ਦੇ ਹਿਸਾਬ ਨਾਲ ਮਾਣਭੱਤਾ ਦਿੱਤਾ ਜਾਵੇਗਾ।

ਪੈਰਾ ਲੀਗਲ ਵਲੰਟੀਅਰਜ਼ ਦੇ ਕੰਮ (ਸੰਖੇਪ ਵਿੱਚ) :- ਕਾਨੂੰਨੀ ਜਾਗਰੂਕਤਾ ਫੈਲਾਉਣਾ, ਸਮਾਜ ਵਿਚ ਹੋ ਰਹੀਂ ਕਿਸੇ ਵੀ ਵਧੀਕੀ ਦੀ ਰਿਪੋਰਟ ਕਰਨਾ; ਮੁਫ਼ਤ ਕਾਨੂੰਨੀ ਸਹਾਇਤਾ ਦਿਵਾਉਣਾ; ਲੋੜਵੰਦ ਵਿਅਕਤੀਆਂ ਦੀ ਮਦਦ ਕਰਨਾ; ਜਨ ਸਥਾਰਨ ਨੂੰ ਲੋਕ ਅਦਾਲਤਾਂ, ਮੀਡਿਏਸ਼ਨ ਸੈਂਟਰ ਅਤੇ ਸਥਾਈ ਲੋਕ ਅਦਾਲਤ ਦੀ ਜਾਣਕਾਰੀ ਦੇਣਾ; ਲੀਗਲ ਏਡ ਕਲੀਨਿਕ ਚਲਾਉਣਾ ਅਤੇ ਫਰੰਟ ਆਫ਼ਿਸ ਦੀ ਡਿਊਟੀ ਨਿਭਾਉਣਾ ਆਦਿ।

ਗਰੁੱਪ/ਵਿਅਕਤੀ ਜਿਨ੍ਹਾਂ ਵਿਚੋਂ ਪੈਰਾ ਲੀਗਲ ਵਲੰਟੀਅਰਜ਼ ਚੁਣੇ ਜਾਣਗੇ:

1) ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
2) ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸਿਟੀਜਨ
3) ਐੱਮ.ਐੱਸ.ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ
4) ਆਂਗਣਵਾੜੀ ਵਰਕਰਜ਼
5) ਡਾਕਟਰ/ਫੀਸੀਜੀਅਨਜ਼
6) ਗੈਰ-ਸਿਆਸੀ ਵਿਅਕਤੀ, ਐਨ.ਜੀ.ਓ. ਅਤੇ ਕਲੱਬ
7) ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ
8) ਪੜ੍ਹੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ
9) ਕੋਈ ਵੀ ਅਜਿਹਾ ਵਿਅਕਤੀ ਜੋ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬ ਡਵੀਜਨ ਲੀਗਲ ਸਰਵਿਸਜ਼ ਅਥਾਰਟੀ ਵੱਲੋਂ ਯੋਗ ਪਾਇਆ ਜਾਵੇਗਾ/ਜਾਵੇਗੀ।

(ਹਿਮਾਂਸ਼ੂ ਅਰੋੜਾ)
ਸਿਵਲ ਜੱਜ (ਸੀਨੀਅਰ ਡਵੀਜਨ)/
ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ
ਸਾਹਿਤ- ਸਕੱਤਰ,
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਸ੍ਰੀ ਮੁਕਤਸਰ ਸਾਹਿਬ।

ਪਿੱਠਅੰਕਣ ਨੰਬਰ 996 ਮਿਤੀ 19.05.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1) ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਸਾਹਿਤ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ।
2) ਚੇਅਰਮੈਨ, ਸਬ ਡਵੀਜਨਲ ਲੀਗਲ ਸਰਵਿਸਜ਼ ਕਮੇਟੀ, ਮਲੋਟ ਅਤੇ ਗਿੱਦੜਬਾਹਾ ਜੀਆਂ ਨੂੰ ਸੂਚਨਾ ਹਿੱਤ।
3) ਸੁਪਰਡੈਂਟ, ਜ਼ਿਲ੍ਹਾ ਜੇਲ੍ਹ, ਸ੍ਰੀ ਮੁਕਤਸਰ ਸਾਹਿਬ ਨੂੰ ਸੂਚਨਾ ਹਿੱਤ।
4) ਡੀ.ਡੀ.ਪੀ.ਓ, ਸ੍ਰੀ ਮੁਕਤਸਰ ਸਾਹਿਬ (ਜ਼ਿਲ੍ਹੇ ਦੀਆਂ ਪੰਚਾਇਤਾਂ ਨੂੰ ਸੂਚਿਤ ਕਰਨ ਬਾਰੇ)।
5) ਸਿਸਟਮ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਨੂੰ ਯੋਗ ਕਾਰਵਾਈ ਹਿੱਤ।

(ਹਿਮਾਂਸ਼ੂ ਅਰੋੜਾ)
ਸਿਵਲ ਜੱਜ (ਸੀਨੀਅਰ ਡਵੀਜਨ)/
ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ
ਸਾਹਿਤ- ਸਕੱਤਰ,
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਸ੍ਰੀ ਮੁਕਤਸਰ ਸਾਹਿਬ।

ਪੈਰਾ ਲੀਗਲ ਵਲੰਟੀਅਰਜ਼ ਦਾ ਪ੍ਰੋਫਾਰਮਾ

Affix 2 latest passport size photographs

1. ਨਾਮ :
2. ਪਿਤਾ/ਪਤੀ ਦਾ ਨਾਮ :
3. ਜਨਮ ਦੀ ਮਿਤੀ (dd/mm/yyyy) :
4. ਪੱਕਾ ਪੂਰਾ ਪਤਾ :
5. ਵਿੱਦਿਅਕ ਯੋਗਤਾ :
6. ਕੈਟਾਗਿਰੀ (SC/BC/General) :
7. ਫੋਨ/ਮਬਾਇਲ ਨੰਬਰ :
8. Whatsapp ਨੰਬਰ :
9. ਈ-ਮੇਲ ID :
10. ਆਧਾਰ ਕਾਰਡ ਨੰਬਰ :
11. **ਹੇਠ ਦਰਸਾਏ ਗਏ ਵਿਚੋਂ ਆਪ ਕਿਸ ਕਿੱਤੇ ਨਾਲ ਸਬੰਧ ਰੱਖਦੇ ਹੋ?**

- ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
- ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸਿਟੀਜਨ
- ਐੱਮ.ਐੱਸ.ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ
- ਆਂਗਣਵਾੜੀ ਵਰਕਰਜ਼
- ਡਾਕਟਰ/ਫੀਸੀਜੀਅਨਜ਼
- ਗੈਰ-ਸਿਆਸੀ ਵਿਅਕਤੀ, ਐਨ.ਜੀ.ਓ. ਅਤੇ ਕਲੱਬ
- ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ
- ਪੜ੍ਹੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ
- ਕੋਈ ਵੀ ਅਜਿਹਾ ਵਿਅਕਤੀ ਜੋ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬ ਡਵੀਜਨ ਲੀਗਲ ਸਰਵਿਸਜ਼ ਅਥਾਰਟੀ ਵੱਲੋਂ ਯੋਗ ਪਾਇਆ ਜਾਵੇਗਾ/ਜਾਵੇਗੀ।

11. ਨੱਥੀ ਦਸਤਾਵੇਜ਼ : 1.

2.

3.

4.

ਪ੍ਰਾਰਥੀ/ਪ੍ਰਾਰਥਣ ਦਾ ਨਾਮ ਅਤੇ ਹਸਤਾਖਰ

ਮਿਤੀ: 2024

ਬਿਆਨ ਹਲਫੀਆ

ਮੈਂ..... ...ਪੁੱਤਰ/ਪੁੱਤਰੀ/ਪਤਨੀ ਸ੍ਰੀ.....,

ਵਾਸੀ ..... ਦਾ/ਦੀ ਰਹਿਣ ਵਾਲਾ/ਵਾਲੀ ਹਾਂ ਅਤੇ ਹੇਠ ਲਿਖਿਆ ਹਲਫੀਆ ਬਿਆਨ ਕਰਦਾ/ਕਰਦੀ ਹਾਂ:

1) ਇਹ ਕਿ ਮੈਂ ..... ਪਤੇ ਦਾ ਪੱਕਾ ਵਸਨੀਕ ਹਾਂ।
2) ਇਹ ਕਿ ਮੈਂ ..... ਕਲਾਸ ਪਾਸ ਹਾਂ।
3) ਇਹ ਕਿ ਇਸ ਪ੍ਰੋਫਾਰਮੇ ਨਾਲ ਨੱਥੀ ਸਰਟੀਫਿਕੇਟ ਮੇਰੇ ਹਨ।
4) ਇਹ ਕਿ ਮੈਂ ..... ਜਾਤੀ ਨਾਲ ਸਬੰਧ ਰੱਖਦਾ/ਰੱਖਦੀ ਹਾਂ।
5) ਇਹ ਕਿ ਮੈਂ ਸਮਾਜ ਸੇਵਾ ਕਰਨਾ ਚਾਹੁੰਦਾ/ਚਾਹੁੰਦੀ ਹਾਂ ਅਤੇ ਪੈਰਾ ਲੀਗਲ ਵਲੰਟੀਅਰ ਬਣਨਾ ਚਾਹੁੰਦਾ/ਚਾਹੁੰਦੀ ਹਾਂ।
6) ਇਹ ਕਿ ਮੇਰੇ ਖਿਲਾਫ਼ ਕਿਸੇ ਵੀ ਅਦਾਲਤ ਵਿਚ ਕਿਸੇ ਕਿਸਮ ਦਾ ਕੇਸ ਜਾਂ ਮੁਕੱਦਮਾ ਨਹੀਂ ਚੱਲਦਾ ਹੈ।
7) ਇਹ ਕਿ ਮੇਰਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ।
8) ਇਹ ਕਿ ਮੈਂ ਬਣਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਾਂਗਾ/ਕਰਾਂਗੀ।

ਬਿਆਨਕਰਤਾ

ਤਸਦੀਕ:

ਤਸਦੀਕ ਕੀਤਾ ਜਾਂਦਾ ਹੈ ਕਿ ਮੇਰਾ ਉਪਰੋਕਤ ਬਿਆਨ ਹਲਫੀਆ ਸਹੀ ਵਾ ਦਰੁਸਤ ਹੈ ਇਸ ਦੇ ਵਿਚ ਕੁਝ ਛੁਪਾ ਕੇ ਨਹੀਂ ਰੱਖਿਆ ਗਿਆ ਹੈ ।

ਬਿਆਨਕਰਤਾ